National Research Journal of Social Sciences
Volume-11, Issue-1, January-June 2026
PP: 86-88
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ: ਵੈਰਾਗ ਦਾ ਸੰਕਲਪ

**ਮਹੀਪਿੰਦਰ ਕੌਰ**

ਅਸਿਸਟੈਂਟ ਪ੍ਰੋਫੈਸਰ
ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ

**ਸਾਰੰਸ਼**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸਿੱਖ ਦਰਸ਼ਨ ਵਿੱਚ ਵੈਰਾਗ ਦੇ ਸੰਕਲਪ ਨੂੰ ਗਹਿਰੇ ਅਧਿਆਤਮਿਕ ਅਰਥਾਂ ਨੂੰ ਪੇਸ਼ ਕਰਦੀ ਹੈ। ਇਹ ਵੈਰਾਗ ਸੰਸਾਰ ਤਿਆਗਣ ਦਾ ਨਹੀਂ ਸਗੋਂ ਮੋਹ, ਮਾਇਆ ਅਤੇ ਹਉਮੈ ਤੋਂ ਅੰਦਰੂਨੀ ਮੁਕਤੀ ਦੀ ਅਵਸਥਾ ਦਾ ਹੈ। ਗੁਰੂ ਸਾਹਿਬ ਦੀ ਬਾਣੀ ਵਿੱਚ ਜੀਵਨ ਦੀ ਨਾਸ਼ਵਾਨਤਾ, ਦੁੱਖ ਸੁੱਖ ਦੀ ਸਮਾਨਤਾ ਮੌਤ ਦੀ ਅਟਲਤਾ ਅਤੇ ਪ੍ਰਭੂ ਸਿਮਰਨ ਦੀ ਅਹਿਮੀਅਤ ਨੂੰ ਉਜਾਗਰ ਕਰਕੇ ਮਨੁੱਖ ਨੂੰ ਸੰਸਾਰਕ ਆਸ਼ਕਤੀਆਂ ਤੋਂ ਉਪਰ ਉੱਠਣ ਲਈ ਪ੍ਰੇਰਿਤ ਕਰਨਾ ਹੈ। ਇਸ ਰਿਸਰਚ ਪੇਪਰ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ ਦੇ ਅਰਥ, ਉਸਦੇ ਸਰੋਤਾਂ ਨੂੰ ਅਧਿਆਤਮਿਕ ਵਿਸ਼ਲੇਸ਼ਣ ਰਾਹੀ ਪੇਸ਼ ਕਰਨ ਦੀ ਨਿਮਾਣੀ ਕੋਸ਼ਿਸ਼ ਹੈ।

**ਕੁੰਜੀ ਸ਼ਬਦ** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚਲਾ ਵੈਰਾਗ ਦਾ ਸਕੰਲਪ, ਸਿੱਖ ਦਰਸ਼ਨ, ਮਾਇਆ, ਮੋਹ, ਹਉਮੈ, ਸੰਸਾਰ ਦੀ ਨਾਸ਼ਵਾਨਤਾ, ਪ੍ਰਭੂ ਸਿਮਰਨ, ਗ੍ਰਹਿਸਥ ਜੀਵਨ, ਅਤੇ ਅਧਿਆਤਮਿਕ ਜਾਗਰੁਕਤਾ ਰਾਹੀ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿਨ੍ਹਾਂ ਨੇ ਹਿੰਦੁਸਤਾਨ ਦੀ ਸ਼ੋਸ਼ਿਤ ਹੋ ਚੁੱਕੀ ਮਾਨਸਿਕਤਾ ਨੂੰ ਸੁਤੰਤਰਤਾ ਵਿੱਚ ਬਦਲਣ ਲਈ ਚੜ੍ਹਦੀ ਕਲਾ ਤੇ ਸਰਬਤ ਦੇ ਭਲੇ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਸ਼ਹਾਦਤ ਦੇ ਜਾਮ ਪੀਤੇ ਤੇ ਨਵਾਂ ਇਤਿਹਾਸ ਸਿਰਜਿਆ ਜਿਸਦਾ ਕੋਈ ਸਾਨੀ ਨਹੀਂ। ਆਪ ਦੀ ਬਾਣੀ ਅਨੇਕ ਗੁਣਾਂ ਨਾਲ ਭਰਪੂਰ ਹੈ। ਇਸ ਦਾ ਬਿਆਨ ਕਰਨਾ ਬਹੁਤ ਕਠਿਨ ਹੈ। ਇਸ ਵਿੱਚੋਂ ਮਨੁੱਖਤਾ, ਭਾਈਚਾਰਾ, ਆਤਮਿਕ ਗਿਆਨ ਤੇ ਵੈਰਾਗ ਦਾ ਸੁਨੇਹਾ ਮਿਲਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਜੋ ਜਗਤ ਪ੍ਰਤੀ ਦ੍ਰਿਸ਼ਟੀਕੋਣ ਸਾਹਮਣੇ ਆਉਂਦਾ ਹੈ ਉਹ ਦਾਰਸ਼ਨਿਕ ਹੈ। ਉਹਨਾਂ ਦੇ ਫਰਮਾਨ ਪੜ੍ਹਨ ਵਾਲੇ ਦੇ ਮਨ ਵਿੱਚ ਵੈਰਾਗ ਦੀ ਭਾਵਨਾ ਪੈਦਾ ਕਰਦੇ ਹਨ। ''ਜਗਤ ਮੈ ਝੂਠੀ ਦੇਖੀ ਪ੍ਰੀਤਿ ।।'' ਇਸ ਪੇਪਰ ਵਿੱਚ ਗੁਰੂ ਸਾਹਿਬ ਦੇ ਜਗਤ ਪ੍ਰਤੀ ਦ੍ਰਿਸ਼ਟੀਕੋਣ ਅਤੇ ਵੈਰਾਗ ਭਾਵ ਸਬੰਧੀ ਵਿਚਾਰ ਪੇਸ਼ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਗਈ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕਾਂ ਵਿੱਚ ਜਗਤ ਪ੍ਰਤੀ ਵੈਰਾਗ ਦੀ ਭਾਵਨਾ ਪ੍ਰਬਲ ਹੈ। ਉਹਨਾਂ ਬਾਣੀ ਰਾਹੀਂ ਕੌੜੀ ਅਸਲੀਅਤ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਇਹ ਇੱਕ ਸੱਚਾਈ ਹੈ ਕਿ ਜਦੋਂ ਮਨੁੱਖ ਦੇ ਤਨ ਵਿੱਚੋਂ ਪ੍ਰਾਨ ਨਿਕਲ ਜਾਂਦੇ ਹਨ ਤਾਂ ਉਸ ਦੀ ਲਾਸ਼ ਨੂੰ ਬਹੁਤ ਸਮਾਂ ਘਰ ਵਿੱਚ ਨਹੀਂ ਰੱਖਿਆ ਜਾਂਦਾ। ਅਸਲੀਅਤ ਤਾਂ ਇਹ ਹੈ ਕਿ ਮਨੁੱਖ ਦੀ ਹੋਂਦ ਹੀ ਉਸ ਦੇ ਪ੍ਰਾਣਾਂ ਕਰਕੇ ਹੈ ਇਹਨਾਂ ਪ੍ਰਾਣਾਂ ਸਦਕਾ ਹੀ ਉਹ ਤੁਰਦਾ ਫਿਰਦਾ, ਕੰਮ ਕਦਰਾ ਸਾਕ ਸਬੰਧੀਆਂ ਨਾਲ ਵਿਚਰਦਾ ਹੈ। ਉਨ੍ਹਾਂ ਆਪਣੀ ਬਾਣੀ ਵਿੱਚ ''ਜੀਵਤ ਕੋ ਬਿਵਹਾਰੁ'' ਸ਼ਬਦ ਵਰਤੇ ਹਨ ਜਿਸ ਦਾ ਭਾਵ ਹੈ ਮਨੁੱਖ ਦੀ ਅਹਿਮੀਅਤ ਜਾਂ ਕੀਮਤ ਉਸ ਦੇ ਸਵਾਸਾਂ ਤੱਕ ਸੀਮਤ ਹੈ। ਲਾਸ਼ ਨਾਲ ਕੋਈ ਕੀ ਵਿਵਹਾਰ ਕਰੇਗਾ? ਲਾਸ਼ ਤਾਂ ਸਮਾਂ ਪਾ ਕੇ ਗਲ-ਸੜ ਜਾਵੇਗੀ, ਇਸ ਲਈ ਕੋਈ ਇਸ ਨੂੰ ਦਫਨਾਉਂਦਾ ਤੇ ਕੋਈ ਸਾੜਦਾ ਤੇ ਇਸ ਭਾਣੇ ਨੂੰ ਸਭ ਨੂੰ ਮੰਨਣਾ ਪੈਂਦਾ। ਜਦੋਂ ਮਨੁੱਖ ਦੀ ਤੰਦਰੁਸਤੀ ਉਸ ਤੋਂ ਦੂਰ ਹੋ ਜਾਂਦੀ ਹੈ ਤੇ ਉਹ ਜੀਵਨ ਦੇ ਕਾਰ ਵਿਹਾਰ ਨਹੀਂ ਕਰ ਸਕਦਾ। ਉਸ ਸਮੇਂ ਕੋਈ ਵੀ ਬਹੁਤਾ ਸਮਾਂ ਉਸ ਦਾ ਸਾਥ ਨਹੀਂ ਦਿੰਦਾ। ਜਦ ਤੱਕ ਉਹ ਮਨੁੱਖ ਸੁੱਖ ਦਾ ਕਾਰਨ ਸੀ ਸਭ ਨਾਲ ਸਨ ਪਰ ਦੁੱਖ ਸਮੇਂ ਇਹ ਅਵਸਥਾ ਉਲਟ ਹੋ ਜਾਂਦੀ ਹੈ। ਜਦ ਤੱਕ ਮਨੁੱਖ ਕਮਾ ਰਿਹਾ ਉਸ ਪਾਸ ਧਨ ਹੈ। ਦੂਜਿਆਂ ਦੇ ਕੰਮ ਆ ਰਿਹਾ ਹੈ ਤਾਂ ਠੀਕ ਹੈ ਪਰ ਜਦ ਉਹ ਦੂਜਿਆਂ 'ਤੇ ਨਿਰਭਰ ਹੋ ਜਾਂਦਾ ਹੈ ਤਾਂ ਸੱਭ ਉਸ ਤੋਂ ਦੂਰ ਭੱਜਦੇ ਹਨ। ਗੁਰਮਿਤ ਵਿੱਚ ਇਸੇ ਲਈ ਕਿਰਤ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ। ਕਿਰਤ ਮਨੁੱਖ ਨੂੰ ਬੇਸ਼ੱਕ ਧੰਨਵਾਦ ਨਾ ਬਣਾ ਸਕੇ ਪਰ ਸਵੈ ਨਿਰਭਰ ਜ਼ਰੂਰ ਬਣਾ ਦਿੰਦੀ ਹੈ। ਇਸ ਲਈ ਗੁਰੂ ਤੇਗ ਬਹਾਦਰ ਜੀ ਇਹ ਕਹਿੰਦੇ ਹਨ ਕਿ ਨਿਰਧਨ ਵਿਅਕਤੀ ਦਾ ਸੰਗ ਸਭ ਛੱਡ ਜਾਂਦੇ ਸੀ।

ਸਮਾਜ ਵਿੱਚ ਮਨੁੱਖ ਦੀ ਕੀਮਤ ਉਸ ਦੇ ਪ੍ਰਾਣਾਂ ਤੰਦਰੁਸਤੀ, ਰੁਜ਼ਗਾਰ ਅਤੇ ਧੰਨ ਕਰਕੇ ਹੈ। ਇਨ੍ਹਾਂ ਸਭ ਤੋਂ ਰਹਿਤ ਮਨੁੱਖ ਸਮਾਜ ਲਈ ਬੇਅਰਥ ਸਮਝਿਆ ਜਾਂਦਾ ਹੈ। ਇਸ ਕੋੜੇ ਯਥਾਰਥ ਨੂੰ ਗੁਰੂ ਸਾਹਿਬ ਨੇ ਪੇਸ਼ ਕੀਤਾ ਹੈ ਕਿਉਂਕਿ ਮਨੁੱਖ ਇਨ੍ਹਾਂ ਦੁਆਲੇ ਹੀ ਆਪਣੀ ਸੋਚ ਰੱਖਦਾ ਕਦੀਂ ਪਰਮਾਤਮਾ ਨਾਲ ਨਹੀਂ ਜੁੜਦਾ ਜੋ ਕਿ ਸਦੀਵੀ ਸੰਗੀ ਹੈ। ਉਹ ਸਦਾ ਸਹਾਈ ਹੈ। ਪਰਮਾਤਮਾ ਤੇ ਮਨੁੱਖ ਦਾ ਪਿਆਰ ਨਿਰਸਵਾਰਥ ਹੈ। ਉਸ ਅੰਸ਼ ਨੇ ਆਪਣੇ ਸਮੁੱਚ ਵਿੱਚ ਮਿਲਣਾ ਹੈ:

ਜਗ ਝੂਠੇ ਕਉ ਸਾਉ ਜਾਨਿ ਕੈ ਤਾ ਸਿਉ ਰੁਚ ਉਪਜਾਈ॥

ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ)

ਜਗਤ ਦੇ ਸੁਖਾਂ ਵਿੱਚ ਰੁਚੀ ਉਪਜਾਉਣ ਤੋਂ ਭਾਵ ਹੈ ਸੰਸਾਰ ਦੇ ਸੁਖਾਂ ਵਿੱਚ ਖਚਿਤ ਹੋ ਜਾਣਾ। ਗੁਰੂ ਸਾਹਿਬ ਆਖਦੇ ਹਨ ਸਾਕ ਸਬੰਧੀਆਂ ਵਿੱਚ ਦੁਨਿਆਵੀ ਧੰਦਿਆਂ ਵਿੱਚ ਆਪਣੇ ਫਰਜਾਂ ਨੂੰ ਮਨੁੱਖ ਪੂਰਾ ਜ਼ਰੂਰ ਕਰੇ ਪਰ ਆਪਣੇ ਅਸਲ ਮਨੋਰਥ ਤੋਂ ਮੁਨਕਰ ਨਾ ਹੋਵੇ ਭਾਵ ਨਾਮ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਿਮਰਨ ਨੂੰ ਨਾ ਭੁਲੇ। ਪਰਮਾਤਮਾ ਨੂੰ ਭੁੱਲ ਮਨੁੱਖ ਗਲਤ ਤੇ ਅਨੈਤਿਕ ਕੰਮ ਕਰਦਾ ਹੈ। ਮੌਤ ਨੂੰ ਭੁੱਲ ਦੂਜੇ ਨਾਲ ਠੱਗੀ ਕਰਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਮੌਤ ਦੀ ਯਾਦ ਬਾਰ-ਬਾਰ ਕਰਵਾਉਂਦੇ ਹਨ। ਜੋ ਕਿ ਇੱਕ ਅਟੱਲ ਸਚਾਈ ਹੈ। ਜੋ ਵੀ ਉਪਜਿਆ ਹੈ, ਉਸ ਨੇ ਆਖਰਕਾਰ ਬਿਨਸਣਾ ਹੈ। ਇੱਕ ਪਰਮਾਤਮਾ ਹੀ ਹੈ ਜੋ ਕਾਲ ਰਹਿਤ ਹੈ। ਇਸ ਲਈ ਆਤਮਾ ਨੂੰ ਪਰਮਾਤਮਾ ਵਿੱਚ ਲੀਨ ਕਰਨ ਲਈ ਮਨੁੱਖ ਨੂੰ ਅਕਾਲ ਦੀ ਯਾਦ ਵਿੱਚ ਲੀਨ ਹੋ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮੌਤ ਦੀ ਅਟੱਲ ਸਚਾਈ ਨੂੰ ਬਿਆਨ ਕਰਦੇ ਹੋਏ ਫਰਮਾਉਂਦੇ ਹਨ:

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥

(ਸ੍ਰੀ ਗੁਰੂ ਗ੍ਰੰਥ ਸਾਹਿਬ)

ਇੱਥੇ ਗੁਰੂ ਸਾਹਿਬ ਦੁਨਿਆਵੀਂ ਪਦਾਰਥਾਂ ਨਾਲ 'ਅਤਿ ਨੇਹੁ' ਦੀ ਗੱਲ ਕਰਦੇ ਹਨ ਅਤੇ ਜਦੋਂ ਆਪ ਦੁਨਿਆਵੀਂ ਕਾਰ ਵਿਹਾਰ ਨੂੰ 'ਜੰਜਾਲ' ਦਾ ਨਾਂ ਦਿੰਦੇ ਹਨ ਤਾਂ ਉਹਨਾਂ ਦਾ ਭਾਵ ਇਹ ਨਹੀਂ ਕਿ ਮਨੁੱਖ ਦੁਨਿਆਵੀਂ ਫਰਜ਼ ਪੂਰੇ ਨਾ ਕਰੇ ਸੰਨਿਆਸੀ ਹੋ ਜਾਵੇ ਸਗੋਂ ਉਹ ਮਨੁੱਖ ਫਰਜ਼ ਨਿਭਾਉਂਦੇ ਜੰਜਾਲ ਵਿੱਚ ਨਾ ਫਸੇ ਸੰਸਾਰ ਵਿੱਚ ਰਹਿ ਕੇ ਇਸ ਵਿੱਚ ਖਚਿਤ ਨਾ ਹੋਵੇ ਦੀ ਗੱਲ ਕਰਦੇ ਹਨ। ਉਨ੍ਹਾਂ ਅਨੁਸਾਰ ਜਗਤ ਦਾ ਤਿਆਗ ਨਹੀਂ ਸਗੋਂ ਜਗਤ ਦੇ ਦੁਰ ਪ੍ਰਭਾਵ ਦਾ ਤਿਆਗ ਕਰਨ ਹੈ। ''ਸਾਧੋ ਮਨ ਕਾ ਮਾਨੁ ਤਿਆਗਉ'' ਸ਼ਬਦ ਵਿੱਚ ਗੁਰੂ ਸਾਹਿਬ ਨੇ ਇਸ ਨਿਰਲੇਪਤਾ ਦੇ ਕਠਿਨ ਖੇਲ ਦੀ ਵਿਆਖਿਆ ਕੀਤੀ ਹੈ। ਉਹਨਾਂ ਸਪਸ਼ਟ ਕਿਹਾ ਮਨ ਦੇ ਮਾਨ ਨੂੰ ਤਿਆਗੋ। ਹਉਮੈ ਨੂੰ ਤਿਆਗੋ ਇਹ ਹੀ ਪਰਮਾਤਮਾ ਦੇ ਮਿਲਾਪ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ। ਕਾਮ, ਕ੍ਰੋਧ ਤੇ ਕੁਸੰਗਤ ਦਾ ਤਿਆਗ ਉਹਨਾਂ ਦਾ ਉਪਦੇਸ਼ ਹੈ। ਅਗਲਾ ਉਪਦੇਸ਼ ਜੋ ਉਹਨਾਂ ਨੇ ਦਿੱਤਾ ਹੈ। ਉਸ ਤੇ ਕੋਈ ਗੁਰਮੁੱਖ ਹੀ ਅਮਲ ਕਰ ਸਕਦਾ ਹੈ। ਸੁੱਖ-ਦੁੱਖ, ਮਾਨ-ਅਪਮਾਨ, ਹਰਖ-ਸੋਗ ਅਤੇ ਉਸਤਤਿ-ਨਿੰਦਾਂ ਨੂੰ ਇੱਕ ਸਮਾਨ ਸਮਝਣਾਂ ਕੋਈ ਛੋਟੀ ਗੱਲ ਨਹੀਂ ਪਰ ਜੇ ਮਨੁੱਖ ਨੇ ਜੀਵਨ ਦੇ ਅਸਲ ਮਨੋਰਥ ਨੂੰ ਪ੍ਰਾਪਤ ਕਰਨਾ ਤਾਂ ਇਸ ਮਾਰਗ ਤੇ ਤੁਰਨਾ ਹੀ ਪੈਣਾ ਹੈ। ਸਾਧੂ, ਸੰਨਿਆਸੀ ਬਣ ਇਹ ਤਿਆਗ ਪੂਰਾ ਨਹੀਂ ਹੁੰਦਾ। ਇਸੇ ਕਰਕੇ ਗੁਰੂ ਜੀ ਨੇ ਇਸ ਸ਼ਬਦ ਦੇ ਸ਼ੁਰੂ ਵਿੱਚ ਸੰਬੋਧਨੀ ਸ੍ਬਦ ਸਾਧੋ ਵਰਤਿਆ ਹੀ ਪਰਮਾਤਮਾ ਦੀ ਖੋਜ਼ ਕਰਨ ਲਈ ਜੰਗਲਾ ਪਹਾੜਾਂ ਵਿੱਚ ਜਾਣ ਦੀ ਲੋੜ ਨਹੀਂ ਹੈ:

ਕਾਹੇ ਰੇ ਬਨ ਖੋਜਨ ਜਾਈ।।

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ)

ਗੁਰੂ ਜੀ ਨੇ ਸਮਝਾਇਆ ਹੈ ਕਿ ਪਰਮਾਤਮਾ ਤਾਂ ਮਨੁੱਖ ਦੇ ਅੰਦਰ ਵਸਦਾ ਹੈ ਜੰਗਲਾਂ ਵਿੱਚ ਨਹੀਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਕਿਰਪਾ ਗੁਰਬਾਣੀ ਰਾਹੀਂ ਕਰਦੇ ਹੋਏ ਆਖਦੇ ਹਨ ਕਿ

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।।

ਕਾਮੁ ਕ੍ਰੋਧ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ )

ਆਸ਼ਾਵਾਂ ਦਾ ਤਿਆਗ ਕਰ ਕੇ ਜਗਤ ਵਿੱਚ ਵੈਰਾਗੀ ਹੋ ਕੇ ਰਹਿਣਾ ਅਤੇ ਕਾਮ-ਕ੍ਰੋਧ ਵਰਗੇ ਔਗੁਣਾਂ ਨੂੰ ਆਪਣੇ 'ਤੇ ਹਾਵੀ ਨਾ ਹੋਣ ਦੇਣਾ ਹੀ ਅਸਲ ਤਿਆਗ ਦਾ ਮਾਰਗ ਹੈ 'ਗ੍ਰਿਹਸਥ ਵਿੱਚ ਸੰਨਿਆਸ' ਦਾ ਜੀਵਨ ਹੀ ਗੁਰਮਿਤ ਦੇ ਅਨੁਕੂਲ ਜੀਵਨ ਦਾ ਇੱਕ ਸਹੀ ਰੂਪ ਹੈ। ਇਹ ਦੋਵੇਂ ਕਾਰਜ ਇੱਕ ਸਮੇਂ ਨਿਭਾਣਾ ਮਨੁੱਖ ਲਈ ਇੱਕ ਵੱਡੀ ਪ੍ਰੀਖਿਆ ਹੈ। ਜਿਸ ਵਿੱਚੋਂ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਹੀ ਪਾਸ ਹੋਇਆ ਜਾ ਸਕਦਾ ਹੈ। ਗੁਰਬਾਣੀ ਵਿੱਚ ਜਗਤ ਨੂੰ ਮਾਇਆ ਦਾ ਭਰਮ ਕਿਹਾ ਗਿਆ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ।।

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ।।

(ਸ੍ਰੀ ਗੁਰੂ ਗ੍ਰੰਥ ਸਹਿਬ)

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।।

(ਸ੍ਰੀ ਗੁਰੂ ਗ੍ਰੰਥ ਸਾਹਿਬ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਮੌਤ ਅਤੇ ਜਗਤ ਦੀ ਅਸਥਿਰਤਾ ਦੇ ਬਾਰ-ਬਾਰ ਬਿਆਨ ਕਰਨ ਦਾ ਮੰਤਵ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਵਿੱਚ ਜੋੜਨਾ ਹੈ। ਜਗਤ ਤੋਂ ਉਪਰਾਮ ਕਰ ਕੇ ਨਿਰਾ ਤਿਆਗੀ ਬਣਾਉਣਾ ਨਹੀਂ ਹੈ। ਆਪ ਨਿਰਭੈਤਾ ਆਜ਼ਾਦੀ,


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਬਰਾਬਰੀ ਅਤੇ ਨਿਆਂ ਦੇ ਅਲੰਬਰਦਾਰ ਸਨ। ਆਪ ਜੀ ਨੇ ਇਹਨਾਂ ਅਦਰਸ਼ਾਂ ਦੀ ਰਾਖੀ ਲਈ ਆਪਣੇ ਜੀਵਨ ਤੱਕ ਨੂੰ ਕੁਰਬਾਨ ਕੀਤਾ। ਆਪ ਦੀ ਬਾਣੀ ਮਨੁੱਖੀ ਜੀਵਨ ਦੀ ਅਨਮੋਲਤਾ ਨੂੰ ਬਿਆਨ ਕਰਦੀ ਹੈ। ਆਪ ਨੇ ਮਨੁਖੀ ਸਰੀਰ ਨੂੰ ਦੁਰਲੱਭ ਕਿਹਾ। ਮਨੁੱਖੀ ਜੀਵਨ ਦਾ ਕਾਰਜ ਪਰਮਾਤਮਾ ਦਾ ਨਾਮ ਸਿਮਰਨ ਦੱਸਿਆ ਹੈ। ਮਾਨਸ ਜਨਮ ਨੂੰ ਅਮੋਲਕ ਆਖਿਆ ਹੈ। ਇਸ ਲਈ ਆਪ ਮਨੁੱਖ ਨੂੰ ਕਦੇ ਵੀ ਨਿਰਾਸ਼ਾਵਾਦੀ ਹੋਣ ਦਾ ਸੰਦੇਸ਼ ਨਹੀਂ ਦਿੰਦੇ ਸਗੋਂ ਜਗਤ ਲਈ ਜੀਵਨ ਦੋਵੇਂ ਹੀ ਪਰਮਾਤਮਾ ਦੀ ਅਲੌਕਿਕ ਦੇਣ ਜਾਣ ਕੇ ਉਸ ਨੂੰ ਨਾਮ ਵਿੱਚ ਲਾਉਣ ਲਈ ਕਹਿੰਦੇ ਹਨ ਤਾਂ ਜੋ ਮਨੁੱਖ ਜੀਵਨ ਮੁਕਤ ਹੋ ਸਕੇ ਤੇ ਪਰਮਾਤਮਾ ਨਾਲ ਉਸ ਦਾ ਮਿਲਾਪ ਹੋ ਸਕੇ।

ਸੋ ਆਪ ਦੀ ਬਾਣੀ ਨਾਸ਼ਵਾਨਤਾ ਕਿੱਧਰੇ ਨਿਰਾਸ਼ਾਵਾਦ ਦੇ ਰਾਹ ਪੈਂਦੀ ਨਹੀਂ ਜਾਪਦੀ, ਇਹ ਹਮੇਸ਼ਾਂ ਜੀਵਨ ਲਈ ਉਸਾਰੂ ਟੁੰਬ ਸਾਬਤ ਹੁੰਦੀ ਹੈ। ਆਪ ਨੇ ਜਦ ਦੁਨੀਆਂ ਨੂੰ ਮਿਥਿਆ ਕਿਹਾ ਹੈ ਤਾਂ ਮੰਤਵ ਹਮੇਸ਼ਾ ਸੱਚ ਵੱਲ ਧਿਆਨ ਲਿਜਾਣ ਦਾ ਹੁੰਦਾ ਹੈ।

ਇੱਥੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਹੁਤੀ ਬਾਣੀ ਗਾਫਲ ਮਨੁੱਖ ਜਗਾਉਣ ਹਿਤ ਉਪਦੇਸ਼ ਪ੍ਰਥਾਇ ਹੈ। ਇਹ ਗਾਫਲ ਮਨੁੱਖ ਬ੍ਰਹਮ ਗਿਆਨੀ ਨਹੀਂ ਹੋ ਸਕਦਾ। ਗੁਰੂ ਸਾਹਿਬ ਇਸ ਲਈ ਦੁਨੀਆਂ ਤੋਂ ਉਪਰਾਮ ਰਹਿਣ ਦੀ ਗੱਲ ਕਰਦੇ ਹਨ। ਗੁਰੂ ਸਾਹਿਬ ਜਿਸ ਨਾਸ਼ਵਾਨਤਾ ਵੈਰਾਗ ਨੂੰ ਪੇਸ਼ ਕਰਦੇ ਹਨ ਉਹ ਉਪਰਾਮਤਾ ਵਾਲਾ ਅੰਗ ਬਲਵਾਨ ਕਰਦੀ ਹੈ ਉਪਰਾਮਤਾ ਵਾਲੇ ਭਾਵ ਜਗਾ ਕੇ ਮਨੁੱਖ ਦੇ ਮਨ ਵਿੱਚ ਐਸੀ ਧਰਤੀ ਤਿਆਰ ਕਰ ਲੈਂਦੇ ਹਨ। ਜਿਸ ਵਿੱਚ ਨਾਮ ਦਾ ਤੇ ਨਿਰੰਕਾਰ ਦੇ ਪ੍ਰੇਮ ਦਾ ਬੀਜ ਪਾਉਣਾ ਆਸਾਨ ਹੋ ਜਾਂਦਾ ਹੈ।

ਆਪ ਨੇ ਨਾਸ਼ਵਾਨਤਾ ਦੇ ਵਿਸ਼ੇ ਨੂੰ ਕਈ ਵਿਧੀਆਂ ਨਾਲ ਪੇਸ਼ ਕੀਤਾ ਜੋ ਅਤਿਅੰਤ ਕਲਾ ਪੂਰਤ ਹਨ। ਗੁਰੂ ਸਾਹਿਬ ਨੇ ਕਲਾ ਕੌਸ਼ਲਤਾ ਦੀਆਂ ਉਤਮ ਵਿਧੀਆਂ ਵਰਤ ਕੇ ਜੀਵਨ ਦੀ ਅਸਾਰਤਾ ਤੇ ਇਸ ਨਾਲ ਜੁੜ ਸਕਣ ਵਾਲੇ ਮਨੋਭਾਵਾਂ ਨੂੰ ਵਿਅਕਤ ਕੀਤਾ ਹੈ।

ਸੰਸਾਰ ਦੇ ਕਈ ਪ੍ਰਸਿੱਧ ਅਧਿਆਤਮਕ ਲੇਖਕਾਂ ਨੇ ਨਾਸ਼ਮਾਨਤਾਂ ਨੂੰ ਬਹੁਤ ਲਾਭਦਾਇਕ ਸੰਕਲਪ ਨਿਸਚੇ ਕੀਤਾ। ਯੂਨਾਨੀ ਫਲਸਫੇ ਵਿੱਚ ਮੌਤ ਦੇ ਚਿੰਤਕ ਨੂੰ ਸਿਆਣਪ ਦਾ ਮੁੱਢ ਕਿਹਾ ਗਿਆ ਹੈ। ਇਹ ਚਿੰਤਨ ਨੂੰ ਹੰਕਾਰ ਦੇ ਘੋੜੇ ਉੱਤੇ ਚੜੇ ਮਨੁੱਖ ਨੂੰ ਥੱਲੇ ਲਾਹੁੰਦਾ ਹੈ। ਕਬਰ ਜਾਂ ਸ਼ਮਸ਼ਾਨ ਵਿੱਚ ਜਾ ਕੇ ਅਮੀਰ, ਗਰੀਬ, ਵੱਡੇ-ਛੋਟੇ ਸਭ ਬਾਰਾਬਰ ਹੋ ਜਾਂਦੇ ਹਨ।

ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਧਨ ਦਾ ਗੁਮਾਨ ਕਰ ਕੇ ਆਪਣੇ ਆਪ ਨੂੰ ਦੂਜਿਆਂ ਤੋਂ ਉੱਚਾ ਪ੍ਰਤੀਤ ਕਰਨ ਵਾਲੇ ਮਨੁੱਖਾਂ ਦੇ ਮਾਨਸਿਕ ਬੁਖਾਰ ਨੂੰ ਆਪਣੀ ਬਾਣੀ ਰਾਹੀਂ ਹੌਲਾ ਕੀਤਾ ਹੈ।

ਜੋ ਸੰਪਤਿ ਅਪਨੀ ਕਰਿ ਮਾਨਿ ਖਿਨ ਮਹਿ ਭਈ ਪਰਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ )

ਮੌਤ, ਨਾਸ਼ਮਾਨਤਾ, ਤਿਆਗ, ਨਿਰਲੇਪਤਾ, ਵੈਰਾਗ ਭਾਵਾਂ ਕਾਰਨ ਆਪ ਦੀ ਬਾਣੀ ਦਾ ਵਾਤਾਵਰਨ ਕੁਝ ਉਦਾਸ ਪ੍ਰਤੀਤ ਹੁੰਦਾ ਹੈ। ਇਸ ਵਿੱਚ ਬਾਕੀ ਗੁਰਬਾਣੀ ਨਾਲੋਂ ਤਿਆਗ ਉੱਤੇ ਕੁਝ ਵਧੇਰੇ ਜ਼ੋਰ ਦਿੱਤਾ ਹੈ ਪਰ ਸਿਧਾਂਤ ਵੱਖਰਾ ਨਹੀਂ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਦੀ ਬਾਣੀ ਸਾਨੂੰ ਜਗਤ ਦੀ ਮਾਇਆ, ਲੋੜ ਅਤੇ ਸੁੱਖ ਨਾਲ ਜੁੜੀ ਪ੍ਰੀਤ ਦੀ ਅਸਿਥਿਰਤਾ ਬਾਰੇ ਸਮਝਾਉਂਦੀ ਹੈ। ਇਸ ਦੀ ਝੂਠੀ ਪ੍ਰੀਤ ਪਿੱਛੇ ਲੱਗ ਕੇ ਪਰਮਾਤਮਾ ਦੀ ਸੱਚੀ ਪ੍ਰੀਤ ਨੂੰ ਨਹੀਂ ਭੁੱਲਣਾ ਚਾਹੀਦਾ। ਜੀਵਨ ਦੇ ਕਾਰ ਵਿਹਾਰ ਨੇਕ ਨੀਤੀ ਨਾਲ ਕਰਦੇ ਹੋਏ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਤਿੰਨੇ ਕਿਰਿਆਵਾਂ ਨੂੰ ਬਰਾਬਰ ਲੈ ਕੇ ਚੱਲਣ ਦਾ ਸੰਦੇਸ਼ ਦਿੱਤਾ ਹੈ। ਇਨ੍ਹਾਂ ਕਿਰਿਆਵਾਂ ਦਾ ਜਿੰਦਗੀ ਵਿੱਚ ਸੁਮੇਲ ਹੀ ਗੁਰੂ ਜੀ ਦੀ ਬਾਣੀ ਦਾ ਮੂਲ ਮੰਤਵ ਹੈ।

**ਸਹਾਇਕ ਪੁਸਤਕ ਸੂਚੀ:**


1. ਡਾ. ਦਲਜੀਤ ਸਿੰਘ (ਸੰਪ.), ਸ੍ਰੀ ਗੁਰੂ ਤੇਗ ਬਹਾਦਰ ਜੀਵਨ, ਯਾਤਰਾਵਾਂ ਅਤੇ ਸ਼ਹਾਦਤ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ 2019.
2. ਡਾ. ਕੁਲਤਰਨਜੀਤ ਸਿੰਘ, ਡਾ. ਐਸ.ਕੇ. ਬਾਵਾ, ਗੁਰੂ ਤੇਗ ਬਹਾਦਰ ਜੀਵਨ ਅਤੇ ਵਿਦਿਅਕ ਫਲਸਫਾ, ਮਹਾਰਾਜਾ ਪ੍ਰਿੰਟਰਜ਼ ਰਾਘੋ ਮਾਜਰਾ, ਪਟਿਆਲਾ 2003.
3. ਡਾ. ਅੰਮ੍ਰਿਤਪਾਲ ਕੌਰ (ਸੰਪ.) ਖੋਜ ਪੱਤ੍ਰਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2003.
4. ਪ੍ਰੋ. ਕਿਰਪਾਲ ਸਿੰਘ ਬਡੂੰਗਰ, ਪ੍ਰਗਟ ਭਏ ਗੁਰ ਤੇਗ ਬਹਾਦਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2021.



© Copyright @ Authors